
# ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਗੰਗਸਰ ਜੈਤੋ ਮੋਰਚਾ


## ਦੇ ਸ਼ਹੀਦਾਂ ਦੀ ਯਾਦ ਵਿੱਚ

**੧੦ ਫੱਗਣ, ਨਾਨਕਸ਼ਾਹੀ ਸੰਮਤ ੫੫੭ ਮੁਤਾਬਕ ਸ਼ਨਿੱਚਰਵਾਰ, 21 ਫਰਵਰੀ 2026**



ਸਾਕਾ ਸ੍ਰੀ ਨਨਕਾਣਾ ਸਾਹਿਬ

ਸ੍ਰੀ ਨਨਕਾਣਾ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਖਾਲਸਾ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਨ੍ਹਾਂ ਗੁਰਧਾਮਾਂ ਦੇ ਨਾਮ ਖੁੱਲ੍ਹੀਆਂ ਜ਼ਮੀਨਾਂ ਲਵਾਈਆਂ ਗਈਆਂ ਤਾਂ ਜੋ ਸਿੱਖੀ ਦੇ ਪ੍ਰਚਾਰ ਦੀ ਲਹਿਰ ਨਿਰਵਿਘਨ ਚਲਦੀ ਰਹਿ ਸਕੇ। ਪਰ ਖਾਲਸਾ ਰਾਜ ਤੋਂ ਬਾਅਦ ਅੰਗਰੇਜ਼ ਰਾਜ ਸਮੇਂ ਇਨ੍ਹਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਦਾਰੀ ਸੰਭਾਲੀ ਬੈਠੇ ਮਹੰਤਾਂ ਦੇ ਦਿਲਾਂ ਵਿੱਚ ਖੋਟ ਆ ਗਿਆ ਤੇ ਉਹ ਆਪਹੁਦਰੀਆਂ ਕਰਨ ਲੱਗ ਪਏ। ਨਤੀਜਾ ਇਹ ਹੋਇਆ ਕਿ ਗੁਰਧਾਮ ਦੀ ਮਰਿਆਦਾ ਭੰਗ ਹੋਣ ਲੱਗੀ ਤੇ ਆਏ ਸ਼ਰਧਾਲੂਆਂ ਨੂੰ ਲੁੱਟਿਆ ਜਾਂਦਾ ਅਤੇ ਉਨ੍ਹਾਂ ਦੀ ਬੇਪਤੀ ਕੀਤੀ ਜਾਂਦੀ। ਇਨ੍ਹਾਂ ਮਹੰਤਾਂ ਹੱਥੋਂ ਗੁਰਦੁਆਰਾ ਆਜ਼ਾਦ ਕਰਾਉਣ ਹਿੱਤ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ ਮਿਤੀ 21 ਫਰਵਰੀ 1921 ਈਸਵੀ ਨੂੰ 200 ਸਿੰਘਾਂ ਦਾ ਜੱਥਾ ਸ਼ਾਂਤਮਈ ਢੰਗ ਨਾਲ ਸ੍ਰੀ ਨਨਕਾਣਾ ਸਾਹਿਬ ਵਿਖੇ ਗਿਆ। ਮਹੰਤ ਨਰੈਣੂ ਅਤੇ ਉਸਦੇ ਗੁੰਡਿਆਂ ਦੁਆਰਾ ਗੋਲੀਆਂ, ਕੋਹਾੜੀਆਂ ਅਤੇ ਗੰਡਾਸਿਆਂ ਨਾਲ ਕੱਟ-ਕੱਟ ਕੇ ਤੇ ਕਈਆਂ ਨੂੰ ਜ਼ਿੰਦਾ ਹੀ ਅੱਗ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਾਕਾ ਵੇਖ ਕੇ ਸਰਕਾਰ ਵੀ ਘਬਰਾ ਗਈ ਤੇ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹੱਥਾਂ ਵਿੱਚ ਆ ਗਿਆ।



ਮੋਰਚਾ ਗੁਰਦੁਆਰਾ ਗੰਗਸਰ ਜੈਤੋ

ਗੁਰਦੁਆਰਾ ਗੰਗਸਰ ਜੈਤੋ, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਇਤਿਹਾਸਕ ਗੁਰਦੁਆਰਾ ਹੈ, ਇਹ ਪਹਿਲਾਂ ਨਾਭਾ ਰਿਆਸਤ ਵਿੱਚ ਸੀ। ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਜਬਰਦਸਤੀ ਗੱਦੀਓਂ ਲਾਹੇ ਜਾਣ ਦੇ ਵਿਰੁਧ ਗੁਰਦੁਆਰਾ ਗੰਗਸਰ ਵਿਖੇ ਰੱਖੇ ਸ੍ਰੀ ਅਖੰਡ ਪਾਠ ਨੂੰ ਪੁਲਿਸ ਵੱਲੋਂ ਖੰਡਤ ਕੀਤਾ ਗਿਆ। ਖੰਡਤ ਕੀਤੇ ਗਏ ਪਾਠ ਲਈ ਪਸ਼ਚਾਤਾਪ ਕਰਕੇ ਮੁੜ ਤੋਂ ਸ੍ਰੀ ਅਖੰਡ ਪਾਠ ਸਾਹਿਬ ਰਖ ਸੰਪੂਰਣ ਕਰਨ ਦੇ ਉਦੇਸ਼ ਨਾਲ ਸ੍ਰੀ ਅਕਾਲ ਤਖ਼ਤ ਤੋਂ ਜਥੇ ਭੇਜੇ ਜਾਣੇ ਸ਼ੁਰੂ ਕੀਤੇ ਗਏ। ਜਿਨ੍ਹਾਂ ਨੂੰ ਫੜ ਕੇ ਪੁਲਿਸ ਦੂਰ ਦੁਰਾਡੇ ਛੱਡ ਆਉਂਦੀ, ਪਰ ਇਹ ਮੋਰਚਾ ਨਿਰੰਤਰ ਜਾਰੀ ਰਿਹਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਇਥੇ ਸ਼ਾਂਤਮਈ ਜਥੇ ਭੇਜੇ ਜਾਂਦੇ ਰਹੇ। 400 ਤੋਂ ਵੱਧ ਸਿੰਘ ਸ਼ਹੀਦ ਹੋਏ ਤੇ ਹਜ਼ਾਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿੱਚ ਸੁਟ ਤਸੀਹੇ ਦਿੱਤੇ ਜਾਂਦੇ ਰਹੇ। ਇਸ ਮੋਰਚੇ 'ਚ ਵੀ ਕਈਆਂ ਦੀਆਂ ਜ਼ਮੀਨ ਜਾਇਦਾਦਾਂ ਜਬਤ ਕੀਤੀਆਂ ਗਈਆਂ, ਕਈ ਸਾਰੀ ਉਮਰ ਲਈ ਸਰੀਰਕ ਪੱਖੋਂ ਨਕਾਰੇ ਹੋ ਗਏ, ਪਰ ਸ਼ਾਂਤਮਈ ਰਹਿੰਦਿਆਂ ਹੋਇਆਂ 21 ਫਰਵਰੀ 1924 ਨੂੰ ਇਹ ਮੋਰਚਾ ਜਿੱਤ ਲਿਆ।

# ਵਿਸ਼ੇਸ਼ ਕੀਰਤਨ ਸਮਾਗਮ

# ਗੁਰਦੁਆਰਾ ਨਾਨਕ ਪਿਆਊ ਸਾਹਿਬ

ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾ ਰਿਹਾ ਹੈ।

**ਪ੍ਰੋਗਰਾਮ (ਸਵੇਰੇ)**

| | | | | |
|---|---|---|---|---|
| 6.00 ਤੋਂ 8.00 | ਆਸਾ ਦੀ ਵਾਰ | – | ਭਾਈ ਅਮਨਦੀਪ ਸਿੰਘ ਜੀ | ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ |
| 8.00 ਤੋਂ 8.45 | ਕਥਾ | – | ਭਾਈ ਬਲਦੇਵ ਸਿੰਘ ਜੀ | ਹੈਡ ਗ੍ਰੰਥੀ |
| 9.00 ਤੋਂ 10.00 | ਕੀਰਤਨ | – | ਭਾਈ ਜਰਨੈਲ ਸਿੰਘ ਜੀ | ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ |
| 10.00 ਤੋਂ 11.00 | ਕੀਰਤਨ | – | ਭਾਈ ਗੁਰਪ੍ਰੀਤ ਸਿੰਘ ਜੀ ਸ਼ਾਨ | ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ |
| 11.00 ਤੋਂ 12.00 | ਕੀਰਤਨ | – | ਭਾਈ ਪ੍ਰੇਮ ਸਿੰਘ ਜੀ ਬੰਧੂ | ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ |
| 12.00 ਤੋਂ 1.00 | ਕੀਰਤਨ | – | ਭਾਈ ਕਮਲਜੀਤ ਸਿੰਘ ਜੀ | ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ |

**ਉਪਰੰਤ ਅਰਦਾਸ ਤੇ ਸਮਾਪਤੀ**

ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ 'ਤੇ ਹਾਜ਼ਰੀਆਂ ਭਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

(ਗੁਰੂ ਪੰਥ ਦੇ ਦਾਸ)

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ** ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ** ਜਾਇੰਟ ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

23712580-81-82, 23737328-29 www.dsgmc.in info@dsgmc.in